# Visit of Foreign Minister of Andorra to India

August 01, 2022

............................

## ਅੰਡੋਰਾ ਦੇ ਵਿਦੇਸ਼ ਮੰਤਰੀ ਵੱਲੋਂ ਭਾਰਤ ਦੀ ਫੇਰੀ

## 1 ਅਗਸਤ, 2022

1. ਅੰਡੋਰਾ ਰਿਆਸਤ ਦੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਮਾਰੀਆ ਉਬਾਚ ਫੋਂਟ ਨੇ 31 ਜੁਲਾਈ - 1 ਅਗਸਤ 2022 ਤੱਕ ਭਾਰਤ ਦਾ ਅਧਿਕਾਰਤ ਦੌਰਾ ਕੀਤਾ। 1994 ਵਿੱਚ ਕੂਟਨੀਤਕ ਸਬੰਧਾਂ ਦੀ ਸਥਾਪਨਾ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਹੋਣ ਵਾਲੀ ਇਹ ਪਹਿਲੀ ਵਿਦੇਸ਼ ਮੰਤਰੀ ਪੱਧਰ ਦੀ ਯਾਤਰਾ ਸੀ।

2. ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਅੰਡੋਰਾ ਦੇ ਵਿਦੇਸ਼ ਮੰਤਰੀ ਨਾਲ ਦੁਵੱਲੀ ਗੱਲਬਾਤ ਕੀਤੀ ਅਤੇ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ। ਦੋਵਾਂ ਮੰਤਰੀਆਂ ਨੇ ਅੰਡੋਰਾ ਲਾ ਵੇਲਾ ਵਿੱਚ ਭਾਰਤੀ ਆਨਰੇਰੀ ਕੌਂਸਲੇਟ ਖੋਲ੍ਹੇ ਜਾਣ ਦਾ ਸਵਾਗਤ ਕੀਤਾ। ਮੰਤਰੀਆਂ ਨੇ ਵਿਦੇਸ਼ ਦਫ਼ਤਰਾਂ ਦਰਮਿਆਨ ਬਾਕਾਇਦਾ ਸਲਾਹ-ਮਸ਼ਵਰੇ ਕੀਤੀ ਜਾਣ ਉੱਤੇ ਵੀ ਸਹਿਮਤੀ ਪ੍ਰਗਟਾਈ।

3. ਡਾ. ਜੈਸ਼ੰਕਰ ਨੇ ਬਹੁ-ਪੱਖੀ ਮੰਚਾਂ 'ਤੇ ਭਾਰਤ ਦੇ ਨਜ਼ਰੀਏ ਅਤੇ ਇਸਦੀ ਉਮੀਦਵਾਰੀ ਦੀ ਹਮਾਇਤ ਕਰਨ ਲਈ ਅੰਡੋਰਾ ਦੇ ਵਿਦੇਸ਼ ਮੰਤਰੀ ਦਾ ਧੰਨਵਾਦ ਕੀਤਾ। ਵਿਦੇਸ਼ ਮੰਤਰੀ ਨੇ ਅੰਡੋਰਾ ਨੂੰ ਸੰਯੁਕਤ ਰਾਸ਼ਟਰ ਮਾਉਂਟੇਨ ਭਾਈਵਾਲੀ ਪਹਿਲ ਬਾਰੇ ਉਹਨਾਂ ਦੀ ਅਗਵਾਈ ਅਤੇ ਕੌਮਾਂਤਰੀ ਵਿੱਤ ਕੋਸ਼ ਵਿੱਚ ਦਾਖਲੇ ਉੱਤੇ ਵਧਾਈ ਦਿੱਤੀ। ਉਨ੍ਹਾਂ ਨੇ ਯੂਰਪੀ ਸੰਘ ਨਾਲ ਆਪਣੇ ਸਬੰਧਾਂ ਨੂੰ ਤਰੱਕੀ ਦੇਣ ਸਬੰਧੀ ਅੰਡੋਰਾ ਦੇ ਯਤਨਾਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਇਬੇਰੋ-ਅਮਰੀਕਨ ਸਹਿਯੋਗ ਅਤੇ ਅੰਤੋਰਾ ਲਾ ਵੇਲਾ ਵਿੱਚ ਹੋਏ ਆਈਬੇਰੋ-ਅਮਰੀਕਨ ਸੰਮੇਲਨ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ- ਵਟਾਂਦਰਾ ਕੀਤਾ।

4. ਮੀਟਿੰਗ ਦੌਰਾਨ ਦੋਵਾਂ ਮੰਤਰੀਆਂ ਨੇ ਦੋਸਤੀ ਅਤੇ ਆਮ ਸਹਿਯੋਗ ਦੇ ਇਰਾਦੇ ਬਾਰੇ ਸਾਂਝੇ ਐਲਾਨੀਏ 'ਤੇ ਹਸਤਾਖਰ ਕੀਤੇ। ਇਸ ਨਾਲ ਸਿੱਖਿਆ, ਸੱਭਿਆਚਾਰ, ਵਿਗਿਆਨ, ਸੂਚਨਾ, ਨੌਜਵਾਨਾਂ, ਖੇਡਾਂ, ਸੈਰ-ਸਪਾਟਾ, ਕੂਟਨੀਤੀ, ਸਿਹਤ ਅਤੇ ਹੋਰ ਖੇਤਰਾਂ 'ਤੇ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਲਈ ਢਾਂਚਾ ਤਿਆਰ ਹੋਵੇਗਾ। ਦੋਵੇਂ ਦੇਸ਼ ਭਵਿੱਖ ਵਿੱਚ ਆਪਸੀ ਹਿੱਤਾਂ ਦੇ ਖਾਸ ਖੇਤਰਾਂ ਵਿੱਚ ਸਮਝੌਤਿਆਂ ਦੇ ਹੋਣ ਨੂੰ ਉਤਸ਼ਾਹਿਤ ਕਰਨਗੇ।

5. ਸ਼੍ਰੀਮਤੀ ਮਾਰੀਆ ਉਬਾਚ ਫੋਂਟ ਨੇ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਨਾਲ ਵੀ ਮੁਲਾਕਾਤ ਕੀਤੀ ਅਤੇ ਏਜੰਡਾ 2030, SDG ਅਤੇ ਜਲਵਾਯੂ ਤਬਦੀਲੀ ਵਰਗੀਆਂ ਆਲਮੀ ਚੁਣੌਤੀਆਂ ਨਾਲ ਨਜਿੱਠਣ ਲਈ ਭਾਰਤ ਅਤੇ ਅੰਡੋਰਾ ਕਿਵੇਂ ਸਹਿਯੋਗ ਕਰ ਸਕਦੇ ਹਨ, ਇਸ ਬਾਰੇ ਚਰਚਾ ਕੀਤੀ। ਉਸਨੇ CII ਵਿਖੇ ਉਦਯੋਗ ਦੇ ਪ੍ਰਤੀਨਿਧੀਆਂ ਨਾਲ ਵੀ ਗੱਲਬਾਤ ਕੀਤੀ। ਉਹਨਾਂ ਨੇ ਸੁਸ਼ਮਾ ਸਵਰਾਜ ਇੰਸਟੀਚਿਊਟ ਆਫ਼ ਫਾਰੇਨ ਸਰਵਿਸ ਵਿਖੇ ਨਵੇਂ ਅੰਤਰਰਾਸ਼ਟਰੀ ਖੇਤਰ ਦੇ ਸੰਦਰਭ ਵਿੱਚ ਯੂਰਪੀਅਨ ਮਾਈਕ੍ਰੋਸਟੇਟ ਅੱਗੇ ਚੁਣੌਤੀਆਂ ਵਿਸ਼ੇ 'ਤੇ ਭਾਸ਼ਣ ਦਿੱਤਾ।

6. ਅੰਡੋਰਾ ਵੱਲੋਂ ਭਾਰਤ ਦੀ ਇਸ ਪਹਿਲੀ ਮੰਤਰੀ-ਪੱਧਰੀ ਅਧਿਕਾਰਤ ਯਾਤਰਾ ਦਾ ਇਤਿਹਾਸਕ ਮਹੱਤਵੀ ਦੀ ਹੈ ਅਤੇ ਆਜ਼ਾਦੀ ਦੇ 75 ਸਾਲਾਂ ਦੇ ਜਸ਼ਨਾਂ ਦੌਰਾਨ ਭਾਰਤ ਦੀ ਸਾਰੇ ਦੇਸ਼ਾਂ ਨਾਲ ਜੁੜਾਅ ਦੀ ਇੱਛਾ ਨੂੰ ਦਰਸਾਉਂਦੀ ਹੈ।

ਨਵੀਂ ਦਿੱਲੀ

1 ਅਗਸਤ, 2022

DISCLAIMER: This is an approximate translation. The original is available in English on MEA's website and may be referred to as the official press release.